ਖਪਤਕਾਰ ਗਾਈਡ



# ਵਾਹਨ ਦੀ ਸਰਵਿਸ ਅਤੇ ਮੁਰੰਮਤ

AMVIC ਸਿਫ਼ਾਰਿਸ਼ ਕਰਦੀ ਹੈ ਕਿ ਤੁਸੀ AMVIC ਦੇ ਲਸੰਸਸ਼ੁਦਾ ਕਾਰੋਬਾਰਾਂ ਵੱਲੋਂ ਵੇਚੇ ਜਾਣ ਵਾਲੇ ਉਤਪਾਦ ਅਤੇ ਸੇਵਾਵਾਂ ਚੁਣੋ। ਲਸੰਸਸ਼ੁਦਾ ਕਾਰੋਬਾਰ ਅਲਬਰਟਾ ਦੇ *ਖਪਤਕਾਰ ਰੱਖਿਆ ਅਧਿਨਿਯਮ (Consumer Protection Act)* ਵਿੱਚ ਦਿੱਤੇ ਖਪਤਕਾਰ ਦੀ ਰੱਖਿਆ ਸੰਬੰਧੀ ਨਿਯਮਾਂ ਦੀ ਪਾਲਣਾ ਕਰਨ ਲਈ ਪਾਬੰਦ ਹੁੰਦੇ ਹਨ। ਕੈਨੇਡਾ ਵਿੱਚ ਅਲਬਰਟਾ ਹੀ ਇੱਕੋ-ਇੱਕ ਅਜਿਹਾ ਸੂਬਾ ਹੈ, ਜੋ ਆਟੋਮੋਟਿਵ ਮੁਰੰਮਤ ਕਾਰੋਬਾਰਾਂ ਨੂੰ ਵੀ ਵਿਕਰੀ ਕਾਰੋਬਾਰਾਂ ਵਾਂਗ ਹੀ ਨਿਯੰਤ੍ਰਿਤ ਕਰਦਾ ਹੈ।

## ਜਾਣ ਤੋਂ ਪਹਿਲਾਂ:

- AMVIC ਦੇ ਪੋਰਟਲ: https://amvic.ca.thentiacloud.net/webs/amvic/register/# **‘ਤੇ ਜਾ ਕੇ ਦੇਖੋ ਕਿ ਕੀ ਕਾਰੋਬਾਰ ਲਸੰਸਸ਼ੁਦਾ ਹੈ**
- ਭਰੋਸੇਮੰਦ ਦੋਸਤਾਂ ਅਤੇ ਪਰਿਵਾਰ ਤੋਂ ਸਲਾਹ-ਮਸ਼ਵਰੇ ਲਓ।

## ਬੈਕਯਾਰਡ ਮਕੈਨਿਕਾਂ ਤੋਂ ਸਾਵਧਾਨ ਰਹੋ:

- ਬੈਕਯਾਰਡ ਮਕੈਨਿਕ ਉਹ ਸਰਵਿਸ ਅਤੇ ਮੁਰੰਮਤ ਕਾਰੋਬਾਰ ਹੁੰਦੇ ਹਨ, ਜੋ ਜਾਇਜ਼ AMVIC ਲਸੰਸ ਦੇ ਬਿਨਾਂ ਗੈਰਕਨੂੰਨੀ ਤੌਰ ਤੇ ਕੰਮ ਕਰਦੇ ਹਨ।
- ਸਰਵਿਸ ਅਤੇ ਮੁਰੰਮਤ ਕਾਰੋਬਾਰ, ਜਿਹਨਾਂ ਨੂੰ ਲਸੰਸ ਲੈਣ ਦੀ ਲੋੜ ਹੁੰਦੀ ਹੈ, ਉਹਨਾਂ ਵਿੱਚ ਸ਼ਾਮਲ ਹਨ: ਗੈਰਾਜ, ਸਰਵਿਸ ਸਟੇਸ਼ਨ, ਆਟੋਬਾੱਡੀ, ਵਿਸ਼ੇਸ਼ ਦੁਕਾਨਾਂ (ਜਿਵੇਂ ਮਫਲਰਸ, ਬ੍ਰੇਕਸ, ਟ੍ਰਾਂਸਮਿਸ਼ਨਸ ਆਦਿ), ਮੋਬਾਈਲ ਰਿਪੇਅਰ, ਰੀਸਾਈਕਲਿੰਗ ਅਤੇ ਡਿਸਮੈਂਟਲ ਕਰਨਾ।
- ਜੇਕਰ ਕਾਰੋਬਾਰ, ਰਿਹਾਇਸ਼ੀ ਪਤੇ ‘ਤੇ ਕੰਮ ਕਰ ਰਿਹਾ ਹੈ, ਬਹੁਤ ਜ਼ਿਆਦਾ ਘੱਟ ਰੇਟਾਂ ਦੀ ਪੇਸ਼ਕਸ਼ ਕਰ ਰਿਹਾ ਹੈ ਅਤੇ ਲਸੰਸ ਖੋਜ ਵਿੱਚ ਨਹੀਂ ਲੱਭਦਾ ਹੈ, ਤਾਂ ਉਹ ਬੈਕਯਾਰਡ ਮਕੈਨਿਕ ਹੈ ਅਤੇ ਤੁਰੰਤ ਉਸਦੀ ਰਿਪੋਰਟ AMVIC ਨੂੰ ਕੀਤੀ ਜਾਣੀ ਚਾਹੀਦੀ ਹੈ।

## ਜਦੋਂ ਤੁਸੀਂ ਉੱਥੇ ਹੋ:

- ਜੇਕਰ ਤੁਸੀਂ ਅਨੁਮਾਨਤ ਕੀਮਤ ਮੰਗਦੇ ਹੋ, ਤਾਂ ਤੁਹਾਨੂੰ ਇਹ ਲਿਖਤ ਵਿੱਚ ਮਿਲਣੀ ਚਾਹੀਦੀ ਹੈ। ਸਰਵਿਸ ਅਤੇ ਮੁਰੰਮਤ ਕਾਰੋਬਾਰ ਲਈ ਸਿਰਫ਼ ਤਦ ਹੀ ਅਨੁਮਾਨਤ ਕੀਮਤ ਦੇਣਾ ਜ਼ਰੂਰੀ ਹੁੰਦਾ ਹੈ, ਜੇਕਰ ਉਹਨਾਂ ਤੋਂ ਮੰਗੀ ਗਈ ਹੋਵੇ; ਆਪਣੇ ਆਪ ਅਨੁਮਾਨਤ ਕੀਮਤ ਨਹੀਂ ਦਿੱਤੀ ਜਾਂਦੀ।
- ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਸਹੀ ਰਸਤੇ ਤੇ ਹੋ, ਇਸ ਸੁਝਾਅ ਸ਼ੀਟ ਦੇ ਦੂਜੇ ਪਾਸੇ ‘ਤੇ ਦਿੱਤੀ ਸਰਵਿਸ ਅਤੇ ਮੁਰੰਮਤ ਦੀ ਅਨੁਮਾਨਤ ਕੀਮਤ ਅਤੇ ਇਜਾਜ਼ਤ ਜਾਂਚ-ਸੂਚੀ ਦੀ ਵਰਤੋਂ ਕਰੋ।
- ਕੋਈ **ਕਾਰੋਬਾਰ ਸਿਰਫ਼ 10 ਪ੍ਰਤੀਸ਼ਤ ਤੋਂ ਵੱਧ ਤੋਂ ਵੱਧ $100 ਤੱਕ ਅਨੁਮਾਨਤ ਕੀਮਤ ਵਧਾ ਸਕਦਾ ਹੈ। ਕੰਮ ਸ਼ੁਰੂ** ਹੋਣ ਤੋਂ ਪਹਿਲਾਂ ਤੁਹਾਡੇ ਲਈ ਵਾਧੂ ਸਰਵਿਸ ਅਤੇ ਜੁੜੀਆਂ ਲਾਗਤਾਂ ਲਈ ਸਹਿਮਤੀ ਦੇਣਾ ਲਾਜ਼ਮੀ ਹੈ।
- ਮੁਰੰਮਤ ਦੇ ਜ਼ਿਆਦਾ ਵੱਡੇ ਕੰਮਾਂ ਲਈ, ਮੁਰੰਮਤ ਦੀਆਂ ਦੁਕਾਨਾਂ ਵਿਚਕਾਰ ਕੀਮਤਾਂ ਦੀ ਤੁਲਨਾ ਕਰਨਾ ਬਿਹਤਰ ਵਿਚਾਰ ਹੋ ਸਕਦਾ ਹੈ।
- ਪੁੱਛੋ ਕਿ ਮੁਰੰਮਤ ਵਿੱਚ ਕਿਸ ਤਰ੍ਹਾਂ ਦੇ ਪੁਰਜ਼ਿਆਂ ਦੀ ਵਰਤੋਂ ਕੀਤੀ ਜਾਵੇਗੀ (ਨਵੇਂ, ਵਰਤੇ ਹੋਏ ਜਾਂ ਮੁਰੰਮਤ ਕੀਤੇ)।
- ਮੁਰੰਮਤ ਦੇ ਜ਼ਿਆਦਾ ਵੱਡੇ ਕੰਮਾਂ ਲਈ, ਮੁਰੰਮਤ ਦੀਆਂ ਦੁਕਾਨਾਂ ਵਿਚਕਾਰ ਕੀਮਤਾਂ ਦੀ ਤੁਲਨਾ ਕਰਨਾ ਬਿਹਤਰ ਵਿਚਾਰ ਹੋ ਸਕਦਾ ਹੈ।
- ਪੁੱਛੋ ਕਿ ਕੀ ਵਾਧੂ ਫੀਸਾਂ ਅਤੇ ਕੀਮਤਾਂ ਲਾਗੂ ਹੁੰਦੀਆਂ ਹਨ, ਜਿਵੇਂ ਦੁਕਾਨ ਸਪਲਾਈ ਫੀਸਾਂ ਅਤੇ ਉਹ ਕਿੰਨੀ ਫੀਸ ਲੈਣਗੇ।
- ਜੇਕਰ ਤੁਹਾਨੂੰ ਪੱਕਾ ਪਤਾ ਨਹੀਂ ਹੈ ਜਾਂ ਸਮਝ ਨਹੀਂ ਆ ਰਿਹਾ ਕਿ ਤੁਸੀਂ ਕਿਸ ਵਾਸਤੇ ਸਹਿਮਤੀ ਦੇ ਰਹੇ ਹੋ ਤਾਂ ਸਵਾਲ ਪੁੱਛੋ।
- ਯਕੀਨੀ ਬਣਾਓ ਕਿ ਤੁਸੀਂ ਉਹਨਾਂ ਸਾਰੇ ਦਸਤਾਵੇਜ਼ਾਂ ਦੀਆਂ ਕਾਪੀਆਂ ਰੱਖੋ, ਜੋ ਤੁਹਾਨੂੰ ਦਿੱਤੇ ਗਏ ਹਨ।

## ਖਰੀਦਣ ਤੋਂ ਬਾਅਦ:

- ਜਿਹਨਾਂ ਖਪਤਕਾਰਾਂ ਨੂੰ ਲੱਗਦਾ ਹੈ ਕਿ ਵਾਹਨ ਦੀ ਸਰਵਿਸ ਅਤੇ ਮੁਰੰਮਤ ਦੇ ਅਨੁਭਵ ਦੇ ਦੌਰਾਨ ਉਹਨਾਂ ਨਾਲ ਅਨੁਚਿਤ ਵਿਵਹਾਰ ਕੀਤਾ ਗਿਆ ਸੀ, ਤਾਂ ਉਹ AMVIC ਕੋਲ ਸ਼ਿਕਾਇਤ ਦਾਖ਼ਲ ਕਰ ਸਕਦੇ ਹਨ।
- AMVIC ਦੇ ਲਸੰਸਸ਼ੁਦਾ ਅਸਫਲ ਜਾਂ ਬੰਦ ਕਾਰੋਬਾਰਾਂ ਦੇ ਖਪਤਕਾਰਾਂ ਲਈ ਮੁਆਵਜ਼ਾ ਫੰਡ ਉਪਲਬਧ ਹੋ ਸਕਦਾ ਹੈ। ਹਾਲਾਂਕਿ, ਤਦ ਖਪਤਕਾਰ ਮੁਆਵਜ਼ਾ ਫੰਡ ਵਾਸਤੇ ਅਰਜ਼ੀ ਦੇਣ ਲਈ ਯੋਗ ਨਹੀਂ ਹੁੰਦੇ, ਜੇਕਰ ਉਹ ਕਿਸੇ ਨਿੱਜੀ ਵਿਕਰੇਤਾ ਜਾਂ ਕਰਬਰ ਤੋਂ ਖਰੀਦਦੇ ਹਨ।

# ਸਰਵਸਿ ਅਤੇ ਮੁਰੰਮਤ ਦੀ ਅਨੁਮਾਨਤ ਕੀਮਤ ਅਤੇ ਅਧਕਿਾਰ-ਪਤੱਰ ਦੀ ਜਾਂਚ-ਸੂਚੀ*

AMVIC Alberta Motor Vehicle Industry Council

ਆਟੋਮੋਟਵਿ ਬਜਿਨੇਸ ਰੈਗੂਲੇਸ਼ਨ (Automotive Business Regulation, ABR) ਦੇ ਸੈਕਸ਼ਨ 31.6, 31.7 ਅਤੇ 31.8 ਵਚਿ ਸਰਵਸਿ ਅਤੇ ਮੁਰੰਮਤ ਕਨੂੰਨ ਦੇ ਸੰਬੰਧ ਵਚਿ ਹੇਠਾਂ ਇੱਕ ਸਰਲ ਜਾਂਚ-ਸੂਚੀ ਦਤਿੀ ਗਈ ਹੈ:

## ਅਨੁਮਾਨਤ ਲਾਗਤ (ਸੈਕਸ਼ਨ 31.6): (ਉਹਨਾਂ ਸਾਰਆਿਂ 'ਤੇ ਸਹੀ ਦਾ ਨਸ਼ਿਾਨ ਲਗਾਓ, ਜੋ ਲਾਗੂ ਹੁੰਦੇ ਹਨ)

| ✔ | ਜੇਕਰ ਮੁਰੰਮਤ ਜਾਂ ਸਰਵਸਿਗਿ ਤੋਂ ਪਹਲਿਾਂ ਖਪਤਕਾਰ ਵੱਲੋਂ ਅਨੁਮਾਨਤ ਕੀਮਤ ਦੀ ਮੰਗ ਕੀਤੀ ਗਈ ਹੈ: |
|---|---|
| | ਕੀ ਇਹ ਲਖਿਤ ਵਚਿ ਹੈ? |
| | ਕੀ ਇਹ ਪ੍ਰਸਤਾਵਤਿ ਮੁਰੰਮਤ ਜਾਂ ਸਰਵਸਿਗਿ ਦਾ ਵਰਣਨ ਕਰਦੀ ਹੈ? |
| | ਕੀ ਇਸ ਵਚਿ ਮਜ਼ਦੂਰੀ, ਪੁਰਜਆਿਂ ਅਤੇ ਉਪਕਰਨ ਸਮੇਤ, ਪ੍ਰਸਤਾਵਤਿ ਮੁਰੰਮਤ ਜਾਂ ਸਰਵਸਿਗਿ ਦੀ ਅਨੁਮਾਨਤ ਕੁੱਲ ਲਾਗਤ ਸ਼ਾਮਲ ਹੈ? |
| | ਜੇਕਰ ਲਖਿਤ ਅਨੁਮਾਨਤ ਕੀਮਤ ਨਹੀਂ ਦਤਿੀ ਜਾ ਸਕਦੀ ਕਉਿਂਕ ਿਆਟੋਮੋਟਵਿ ਬਜਿਨੇਸ ਪਹਲਿਾਂ ਖਰਾਬੀਆਂ ਦਾ ਪਤਾ ਲਗਾਉਣ ਦਾ ਕੰਮ ਕਰਦਾ ਹੈ: |
| | ਕੀ ਅਨੁਮਾਨਤ ਕੀਮਤ ਖਰਾਬੀ ਦਾ ਪਤਾ ਲਗਾਉਣ ਦੇ ਉਸ ਕੰਮ ਦੀ ਅਧਕਿਤਮ ਕੀਮਤ ਦੱਸਦੀ ਹੈ, ਜੋ ਖਰਾਬੀ ਦਾ ਪਤਾ ਲਗਾਉਣਾ ਸ਼ੁਰੂ ਕਰਨ ਤੋਂ ਪਹਲਿਾਂ ਖਪਤਕਾਰ ਨੂੰ ਦਤਿੀ ਗਈ ਸੀ? |

## ਕੰਮ ਕਰਨ ਦਾ ਅਧਕਿਾਰ-ਪਤੱਰ - ਲਖਿਤ (ਸੈਕਸ਼ਨ 31.7): (ਉਹਨਾਂ ਸਾਰਆਿਂ 'ਤੇ ਸਹੀ ਦਾ ਨਸ਼ਿਾਨ ਲਗਾਓ, ਜੋ ਲਾਗੂ ਹੁੰਦੇ ਹਨ)

| ✔ | ਖਪਤਕਾਰ ਦੇ ਵਾਹਨ ਦੀ ਕੋਈ ਵੀ ਮੁਰੰਮਤ ਜਾਂ ਸਰਵਸਿਗਿ ਕਰਨ ਤੋਂ ਪਹਲਿਾਂ, ਯਕੀਨੀ ਬਣਾਓ ਕ: |
|---|---|
| | ਕੋਈ ਵੀ ਕੰਮ ਜਾਂ ਸਰਵਸਿਗਿ ਸ਼ੁਰੂ ਕਰਨ ਤੋਂ ਪਹਲਿਾਂ ਖਪਤਕਾਰ ਤੋਂ ਲਖਿਤ ਇਜਾਜ਼ਤ ਲਈ ਗਈ ਸੀ। |
| | ਲਖਿਤ ਇਜਾਜ਼ਤ ਵਚਿ ਇਹ ਸ਼ਾਮਲ ਹੋਣਾ ਲਾਜ਼ਮੀ ਹੈ: |
| | ਖਪਤਕਾਰ ਜਾਂ ਉਸਦੇ ਵੱਲੋਂ ਕੰਮ ਕਰਨ ਵਾਲੇ ਵਅਿਕਤੀ ਦਾ ਨਾਮ, ਜੋ ਇਜਾਜ਼ਤ ਦੇ ਰਹਿਾ ਹੈ। |
| | ਉਹ ਤਾਰੀਖ਼ , ਜਦੋਂ ਅਧਕਿਾਰ-ਪਤੱਰ ਦਤਿਾ ਗਆਿ ਸੀ। |
| | ਅਧਕਿਾਰ-ਪਤੱਰ ਦਤਿੇ ਜਾਣ ਵਾਲੇ ਕੰਮ ਦਾ ਵਰਣਨ। |
| | ਉੱਤੇ ਵਰਣਨ ਕੀਤੇ ਕੰਮ ਦੀ ਅਨੁਮਾਨਤ ਕੁੱਲ ਲਾਗਤ ਅਤੇ ਕੰਮ ਦੀ ਇਜਾਜ਼ਤ ਲਈ ਖਪਤਕਾਰ ਜਾਂ ਉਸਦੇ ਵੱਲੋਂ ਕੰਮ ਕਰਨ ਵਾਲੇ ਵਅਿਕਤੀ ਵੱਲੋਂ ਪੁਸ਼ਟੀ। |

## ਕੰਮ ਕਰਨ ਦਾ ਅਧਕਿਾਰ-ਪਤੱਰ - ਲਖਿਤ ਵਚਿ ਨਹੀਂ (ਸੈਕਸ਼ਨ 31.8): (ਉਹਨਾਂ ਸਾਰਆਿਂ 'ਤੇ ਸਹੀ ਦਾ ਨਸ਼ਿਾਨ ਲਗਾਓ, ਜੋ ਲਾਗੂ ਹੁੰਦੇ ਹਨ)

| ✔ | ਜੇਕਰ ਕਸਿੇ ਮੁਰੰਮਤ ਜਾਂ ਸਰਵਸਿਗਿ ਤੋਂ ਪਹਲਿਾਂ ਖਪਤਕਾਰ ਤੋਂ ਲਖਿਤ ਇਜਾਜ਼ਤ ਨਹੀਂ ਲਈ ਜਾ ਸਕਦੀ, ਤਾਂ ਹੇਠਾਂ ਦਤਿੀ ਜਾਣਕਾਰੀ ਰਕਿਾਰਡ ਕਰਨਾ ਲਾਜ਼ਮੀ ਹੈ: |
|---|---|
| | ਖਪਤਕਾਰ ਜਾਂ ਉਸਦੇ ਵੱਲੋਂ ਕੰਮ ਕਰਨ ਵਾਲੇ ਵਅਿਕਤੀ ਦਾ ਨਾਮ, ਜੋ ਇਜਾਜ਼ਤ ਦੇ ਰਹਿਾ ਹੈ। |
| | ਉਹ ਸਮਾਂ ਅਤੇ ਤਾਰੀਖ਼, ਜਦੋਂ ਇਜਾਜ਼ਤ ਦਤਿੀ ਗਈ ਸੀ। |
| | ਪੂਰਾ ਕੀਤੇ ਜਾਣ ਲਈ ਅਧਕਿਾਰ-ਪਤੱਰ ਦਤਿੇ ਗਏ ਕੰਮ ਦਾ ਵਰਣਨ। |
| | ਉੱਤੇ ਵਰਣਨ ਕੀਤੇ ਕੰਮ ਦੀ ਅਨੁਮਾਨਤ ਕੁੱਲ ਲਾਗਤ ਅਤੇ ਕੰਮ ਦੀ ਇਜਾਜ਼ਤ ਲਈ ਖਪਤਕਾਰ ਜਾਂ ਉਸਦੇ ਵੱਲੋਂ ਕੰਮ ਕਰਨ ਵਾਲੇ ਵਅਿਕਤੀ ਵੱਲੋਂ ਪੁਸ਼ਟੀ। |
| | ਅਧਕਿਾਰ-ਪਤੱਰ ਕਵਿੇਂ ਦਤਿਾ ਗਆਿ ਸੀ (ਈਮੇਲ, ਫ਼ੋਨ, ਵਗੈਰਾ ਦੁਆਰਾ) |

*ਇਹ ਗਾਈਡ ਕਨੂੰਨੀ ਸਲਾਹ ਦੀ ਥਾਂ ਨਹੀਂ ਲੈਂਦੀ ਹੈ ਅਤੇ ਯੋਗ ਸੁਤੰਤਰ ਕਨੂੰਨੀ ਕਾਉਸਲਿ ਵੱਲੋਂ ਸਲਾਹ ਦੀ ਥਾਂ ਲੈਣ ਵਜੋਂ ਤਆਿਰ ਨਹੀਂ ਕੀਤੀ ਗਈ ਹੈ। ਇਸ ਗਾਈਡ ਦਾ ਉਦੇਸ਼, ਲਾਗੂ ਹੋਣ ਵਾਲੇ ਵਧਾਿਨ ਦੀ ਵਆਿਪਕ ਸੂਚੀ ਬਣਨਾ ਨਹੀਂ ਹੈ।